(12)-

<u>ਟੀ.ਪੀ.ਐਮ</u>

ਵਲੋਂ ਏ.ਡੀ.ਜੀ.ਪੀ. ਆਰਮਡ ਬਨਜ਼, ਜਲੰਧਰ ।

ਵੱਲ ਆਈ.ਜੀ.ਪੀ ਐਸ.ਐਸ.ਜੀ, ਪੰਜਾਬ ਚੰਡੀਗੜ੍ਹ।
ਸਮੂਹ ਕਮਾਡੈਂਟਸ, ਆਰਮਡ ਬਟਾਲੀਅਨਜ਼।
ਇੰਚਾਰਜ਼, ਕੰਟਰੋਲ ਰੂਮ, ਪੀ.ਏ.ਪੀ. ਜਲੰਧਰ ।
ਸੁਪਰਡੰਟ ਪ੍ਰਸ਼ਾਸਨ (ਦਫਤਰ ਵਿੱਚ)

ਕਾਪੀ ਡੀ.ਜੀ.ਪੀ. ਪੰਜਾਬ ਚੰਡੀਗੜ੍ਹ (ਅਮਲਾ-1 ਸ਼ਾਖਾ)
ਡੀ.ਜੀ.ਪੀ ਇੰਟੈਲੀਜੈਂਸ, ਪੰਜਾਬ ਚੰਡੀਗੜ੍ਹ।
ਡੀ.ਜੀ.ਪੀ ਵਿਜੀਲੈਂਸ ਅਤੇ ਸਕਿਊਰਟੀ, ਪੀ.ਐਸ.ਪੀ.ਸੀ.ਐਲ. ਪਟਿਆਲਾ।
ਚੀਫ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ ਚੰਡੀਗੜ੍ਹ ।
ਏ.ਡੀ.ਜੀ.ਪੀ. ਸਕਿਊਰਟੀ, ਪੰਜਾਬ ਚੰਡੀਗੜ੍ਹ।
ਏ.ਡੀ.ਜੀ.ਪੀ ਐਸ.ਓ.ਜੀ. ਅਤੇ ਕਮਾਂਡੋ ਬਟਾਲੀਅਨਜ਼, ਬਹਾਦਰਗੜ੍ਹ ਪਟਿਆਲਾ।
ਡਾਇਰੈਕਟਰ, ਪੰਜਾਬ ਪੁਲਿਸ ਅਕੈਡਮੀ, ਫਿਲੌਰ।
ਕਮਿਸ਼ਨਰ, ਨਗਰ ਨਿਗਮ, ਜਲੰਧਰ ਅਤੇ ਅੰਮ੍ਰਿਤਸਰ।
ਸਮੂਹ ਇੰਸਪੈਕਟਰ ਜਨਰਲ ਪੁਲਿਸ, ਆਰਮਡ ਬਟਾਲੀਅਨਜ਼ ।
ਸਮੂਹ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਆਰਮਡ ਬਟਾਲੀਅਨਜ਼ ।
ਕਮਾਡੈਂਟ, ਪੀ.ਆਰ.ਟੀ.ਸੀ. ਜਹਾਨਖੇਲਾਂ।
ਇੰਚਾਰਜ਼, ਈ.ਆਰ.ਐਮ.ਐਸ, ਪੀ.ਏ.ਪੀ ਜਲੰਧਰ ।

ਨੰਬਰ15166-206 /ਸੀ.ਬੀ-ਐਸ.ਏ-2 ਮਿਤੀ 18-7-18 (') ਹਵਾਲਾ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਦੇ ਯਾਦ ਪੱਤਰ ਨੰਬਰ 7843-7943/ਈ-1 (5) ਮਿਤੀ 10/7/2018 ਅਤੇ 8152-8252/ਈ-1 (5) ਮਿਤੀ 17/07/2018 ਵਿਸ਼ਾ 24 ਸਾਲ ਦੀ ਸੇਵਾ ਪੂਰੀ ਕਰਨ ਵਾਲੇ ਮੁੱਖ ਸਿਪਾਹੀਆਂ ਨੂੰ ਸਹਾਇਕ ਥਾਣੇਦਾਰ ਦਾ ਲੋਕਲ ਰੈਂਕ ਗਰਾਂਟ ਕਰਨ ਸਬੰਧੀ (') ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਨੇ ਹਵਾਲਾ ਅਧੀਨ ਪੱਤਰ ਰਾਹੀਂ ਸੂਚਿਤ ਕੀਤਾ ਹੈ ਕਿ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ-3 ਸ਼ਾਖਾ) ਵਲੋਂ ਆਪਣੇ ਦਫਤਰ ਦੇ ਹੁੱਕਮ ਨੰਬਰ 6/68/2017- 5ਗ3/6ਗ3 (ਐਮ.ਐਸ)/3530 ਮਿਤੀ 7/7/2018 ਰਾਹੀਂ ਪੁਲਿਸ ਵਿਭਾਗ ਵਿੱਚ ਜਿਹੜੇ ਕਰਮਚਾਰੀ ਮੁੱਖ ਸਿਪਾਹੀ ਰੈਂਕ ਵਿੱਚ 24 ਸਾਲ ਦੀ ਸਰਵਿਸ ਪੂਰੀ ਕਰ ਚੁੱਕੇ ਹਨ, ਨੂੰ ਲੋਕਲ ਰੈਂਕ (ਐਲ.ਆਰ) ਦੀ ਪ੍ਰਵਾਨਗੀ ਦਿੱਤੀ ਹੈ (') ਇਸ ਸਕੀਮ ਨੂੰ ਲਾਗੂ ਕਰਨ ਸਬੰਧੀ ਹੇਠ ਲਿਖੀਆਂ ਸ਼ਰਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

1) ਇਹ ਲੋਕਲ ਰੈਂਕ ਉੱਚ ਰੈਂਕ ਉਸਦੇ ਰੈਂਕ ਲਈ ਨਿਰਧਾਰਿਤ ਕੀਤੇ ਗਏ ਸਾਲਾਂ ਦੇ ਅਧਾਰ ਤੇ ਉਸ ਦੀ ਸੀਨੀਆਰਤਾ-ਕਮ-ਮੈਰਿਟ/ ਚੰਗੇ ਰਿਕਾਰਡ ਦੇ ਅਧਾਰ ਤੇ ਦਰਸਾਈਆਂ ਸ਼ਰਤਾਂ ਅਨੁਸਾਰ ਮਿਲਣਯੋਗ ਹੋਵੇਗਾ।

2) ਲੋਕਲ ਰੈਂਕ ਪ੍ਰਵਾਨ ਕਰਨ ਦਾ ਅਧਿਕਾਰ ਉਸ ਅਥਾਰਿਟੀ ਕੋਲ ਹੋਵੇਗਾ ਜਿਹੜੀ ਅਥਾਰਿਟੀ ਨਿਯਮਤ ਤਰੱਕੀ ਲਈ ਸਮਰੱਥ ਹੈ ਅਤੇ ਲੋਕਲ ਰੈਂਕ ਤਰੱਕੀਆਂ ਲਈ ਉਹੀ ਮਾਪਦੰਡ ਅਪਣਾਏ ਜਾਣਗੇ ਜੋ ਰੈਗੂਲਰ ਤਰੱਕੀ ਲਈ ਅਪਨਾਏ ਜਾਂਦੇ ਹਨ ।

3) ਇਹ ਰੈਂਕ ਕਲੈਂਡਰ ਸਾਲ ਵਿੱਚ ਪਹਿਲੀ ਜਨਵਰੀ ਨੂੰ 16, 24 ਅਤੇ 30 ਸਾਲ ਦੀ ਸੇਵਾ ਪੂਰੀ ਹੋਣ ਤੇ ਦਿੱਤਾ ਜਾਵੇਗਾ। ਉੱਚ ਰੈਂਕ ਉਸਦੇ ਰੈਂਕ ਲਈ ਨਿਰਧਾਰਿਤ ਕੀਤੇ ਗਏ ਸਾਲਾਂ ਦੇ ਅਧਾਰ ਤੇ ਉਸ ਦੀ ਸੀਨੀਆਰਤਾ-ਕਮ-ਮੈਰਿਟ/ ਚੰਗੇ ਰਿਕਾਰਡ ਦੇ ਅਧਾਰ ਤੇ ਦਰਸਾਈਆਂ ਸ਼ਰਤਾਂ ਅਨੁਸਾਰ ਮਿਲਣਯੋਗ ਹੋਵੇਗਾ।

4) ਇਹ ਲਾਭ ਸਾਰੇ ਯੋਗ ਪੁਲਿਸ ਕਰਮਚਾਰੀਆਂ ਨੂੰ ਸਬੰਧਤ ਰੇਂਜ/ਕਮਿਸ਼ਨਰੇਟ/ ਏ.ਡੀ.ਜੀ.ਪੀ. ਆਰਮਡ ਬਨਜ਼ ਰਾਹੀਂ ਵਿਭਾਗੀ ਤਰੱਕੀ ਕਮੇਟੀ ਰਾਹੀਂ ਵਿਚਾਰ ਕੇ ਦਿੱਤਾ ਜਾਵੇ।

5) ਸਹਾਇਕ ਥਾਣੇਦਾਰ (ਲੋਕਲ ਰੈਂਕ) ਦੀਆਂ ਸ਼ਰਤਾਂ :-

i) ਸਿਪਾਹੀ/ਮੁੱਖ ਸਿਪਾਹੀ (ਲੋਕਲ ਰੈਂਕ/ਮੁੱਖ ਸਿਪਾਹੀ) ਦੀ ਕਲੰਡਰ ਸਾਲ ਵਿੱਚ ਪਹਿਲੀ ਜਨਵਰੀ ਤੱਕ ਉਸ ਦੀ 24 ਸਾਲ ਦੀ ਸੇਵਾ ਪੂਰੀ ਹੋਣੀ ਚਾਹੀਦੀ ਹੈ।

ii) ਸਿਪਾਹੀ/ਮੁੱਖ ਸਿਪਾਹੀ (ਲੋਕਲ ਰੈਂਕ)/ਮੁੱਖ ਸਿਪਾਹੀ ਜਿਸ ਨੂੰ ਸਹਾਇਕ ਥਾਣੇਦਾਰ (ਲੋਕਲ ਰੈਂਕ) ਵਿੱਚ ਪਦਨਾਮ ਕੀਤਾ ਜਾਣਾ ਹੈ ਉਹ ਆਪਣੀ ਵਾਰੀ/ਸੀਨੀਆਰਤਾ ਅਨੁਸਾਰ ਮੁੱਖ ਸਿਪਾਹੀ/ ਸਹਾਇਕ ਥਾਣੇਦਾਰ ਲਈ ਤਰੱਕੀਯਾਬ ਹੋਵੇਗਾ।

iii) ਸਹਾਇਕ ਥਾਣੇਦਾਰ (ਲੋਕਲ ਰੈਂਕ) ਤੇ ਪਦਨਾਮ ਕੀਤੇ ਗਏ ਕਰਮਚਾਰੀ ਦਾ ਇਹ ਰੈਂਕ ਉਸ ਦਾ ਨਿੱਜੀ ਹੋਵੇਗਾ।

iv) ਇਸ ਅਹੁਦੇ ਤੇ ਪਦਨਾਮ ਕੀਤਾ ਗਿਆ ਕਰਮਚਾਰੀ ਸਹਾਇਕ ਥਾਣੇਦਾਰ (ਲੋਕਲ ਰੈਂਕ) ਦੀ ਵਰਦੀ ਲਈ ਯੋਗ ਹੋਵੇਗਾ ।

v) ਸਹਾਇਕ ਥਾਣੇਦਾਰ (ਲੋਕਲ ਰੈਂਕ) ਤੇ ਪਦਨਾਮ ਹੋਣ ਉਪਰੰਤ ਉਹ ਉਚ ਤਨਖਾਹ ਅਤੇ ਭੱਤੇ ਲੈਣ ਦਾ ਕਿਸੇ ਵੀ ਤਰ੍ਹਾਂ ਹੱਕਦਾਰ ਨਹੀਂ ਹੋਵੇਗਾ।

vi) ਸਹਾਇਕ ਥਾਣੇਦਾਰ (ਲੋਕਲ ਰੈਂਕ) ਤੇ ਪਦਨਾਮ ਹੋਣ ਉਪਰੰਤ ਉਸ ਦੀ ਮੁੱਖ ਸਿਪਾਹੀ ਰੈਂਕ ਦੇ ਕੇਡਰ ਵਿੱਚ ਉਸ ਦੀ ਸੀਨੀਆਰਤਾ ਵਿੱਚ ਕੋਈ ਤਬਦੀਲ ਨਹੀਂ ਹੋਵੇਗੀ।

ਮਾਨਯੋਗ ਡੀ.ਜੀ.ਪੀ. ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਦੇ ਹਵਾਲਾ ਅਧੀਨ ਪੱਤਰ ਮੁਤਾਬਿਕ ਲੋਕਲ ਤਰੱਕੀਆਂ ਲਈ ਉਹੀ ਮਾਪਦੰਡ ਅਪਣਾਏ ਜਾਣੇ ਹਨ ਜ਼ੋ ਰੈਗੂਲਰ ਤਰੱਕੀ ਲਈ ਅਪਣਾਏ ਜਾਂਦੇ ਹਨ । ਇਸ ਸਮੇਂ ਆਰਮਡ ਵਿੰਗ ਦੇ ਕਰਮਚਾਰੀਆਂ ਨੂੰ ਰੈਗੂਲਰ ਏ.ਐਸ.ਆਈ. ਤਰੱਕੀਯਾਬ ਕਰਦੇ ਸਮੇਂ ਹੇਠ ਲਿਖੇ ਅਨੁਸਾਰ ਮਾਪਦੰਡ ਅਪਣਾਏ ਜਾਂਦੇ ਹਨ:-

I. That as per instructions issued vide DGP Punjab, Chandigarh's office letter No. 16661-760/E-1 dated 7.7.1999, punishment of censure awarded to the officials should not be considered bar for promotion to the rank of officiating Head Constable/Assistant Sub-Inspector/Sub-Inspector.

II. That the effect of major punishment viz. forfeiture of service for increments on temporary/permanent basis should be taken into account for the period of punishment only and more weightage should to be givn to the Annual Confidenetial Reeports of last five years and reports regarding adeverse integrity should to be viewed seriously, keeping in view the instructions issued vide DGP Punjab Chandigarh's office memo No. 28499/-2 dated 18.11.1997.

III. The ACRs for the last 08 years should be perused for the purpose of coming to a conclusion regarding integrity of the officials as per instructions issued by the Punjab Govt. vide letter No.4/9/34-3PP-1/17916 dated 22.10.1996.

IV. That where departmental enquiries/ criminal cases (s) are pending or official has been placed under suspension their cases should be kept pending till the finalization of departmental enquiries/criminal cases etc. pending against them, keeping in view the Punjab Govt. instructions issued vide letter No. 4/37/83-3PP/8708 dated 27.6.1985.

V. That the directions issued vide DGP Punjab, Chg's office letter No. 11377-460/E-1 (2) dated 26.8.2010 (received vide DGP Pb. Chg's office letter No. 2072/E-1 (1) dated 20.2.2017) that officials in whose cases cancellation report has been filed in the competent court but has yet not been accepted by the Court, may be promoted.

ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਦੇ ਪੱਤਰ ਨੰਬਰ 22/2/2012-3ਐਫ.ਪੀ.2 /257 ਮਿਤੀ 30/10/2015 ਰਾਹੀਂ ਜ਼ਾਰੀ ਹਦਾਇਤਾਂ ਮੁਤਾਬਿਕ ਜਿਹੜੇ ਕਰਮਚਾਰੀਆਂ ਦੀ ਉਮਰ 58 ਸਾਲ ਤੋਂ ਵੱਧ ਹੋ ਚੁੱਕੀ ਹੈ ਉਨਾਂ ਨੂੰ ਉਕੱਤ ਏ.ਐਸ.ਆਈ ਲੋਕਲ ਰੈਂਕ ਦੀ ਤਰੱਕੀ ਲਈ ਵਿਚਾਰਨਾ ਨਹੀਂ ਬਣਦਾ।

ਇਸ ਲਈ ਆਰਮਡ ਵਿੰਗ ਦੇ 1467 ਰੈਗੂਲਰ ਮੁੱਖ ਸਿਪਾਹੀ, ਜ਼ੋ ਕਿ 01 ਜਨਵਰੀ, 2018 ਤੱਕ 24 ਸਾਲ ਦੀ ਸਰਵਿਸ ਪੂਰੀ ਕਰ ਚੁੱਕੇ ਹਨ, ਦੀ ਸੀਨੀਆਰਤਾ ਮੁਤਾਬਿਕ ਲਿਸਟ ਪੰਜਾਬ ਆਰਮਡ ਪੁਲਿਸ ਦੀ ਵੈਬਸਾਈਟ (punjabarmedpolice.co.in) ਪਰ ਅਪਲੋਡ ਕਰ ਦਿੱਤੀ ਗਈ ਹੈ ਜਿਸ ਨੂੰ ਵਾਚਣ ਉਪਰੰਤ ਉਕੱਤ ਦਰਸਾਈਆਂ ਸ਼ਰਤਾਂ ਦੇ ਆਧਾਰ ਤੇ ਇਨ੍ਹਾਂ ਕਰਮਚਾਰੀਆਂ ਦਾ ਸਰਵਿਸ ਰਿਕਾਰਡ ਆਪਣੀ ਪ੍ਰਧਾਨਗੀ ਹੇਠ ਕਮੇਟੀ ਨਿਯੁਕਤ ਕਰਕੇ ਘੋਖਣ ਉਪਰੰਤ ਯੋਗ ਮੁੱਖ ਸਿਪਾਹੀਆਂ ਨੂੰ ਬਤੌਰ ਏ.ਐਸ.ਆਈ (ਲੋਕਲ ਰੈਂਕ) ਦੇਣ ਸਬੰਧੀ ਲੋੜੀਂਦੀ ਸਿਫਾਰਸ਼ ਹੇਠਾਂ ਲਿਖੇ ਪ੍ਰਫਾਰਮੇ ਤੇ (MS Excel, ਵਿੱਚ ਡਿਸਕ ਤਿਆਰ ਕਰਕੇ) ਇਸ ਦਫਤਰ ਨੂੰ 23/7/2018 ਤੱਕ ਭੇਜੀ ਜਾਵੇ । ਪ੍ਰਫਾਰਮੇ ਦੇ ਆਖੀਰ ਵਿੱਚ ਸਿਫਾਰਸ਼ ਕਰਨ ਵਾਲੀ ਕਮੇਟੀ ਦੇ ਅਧਿਕਾਰੀਆਂ ਦੇ ਦਸਤਖਤ ਹੋਣੇ ਚਾਹੀਦੇ ਹਨ :-

| Sr. No. | Rank, name and No. | Distt/ posting | DOB | DOE | Date of promotion as HC/PR | Date of list C-I/C-II | Merit of LSC | Date of promotion as Offg. HC. | Date of promotion as ASI/LR or ASI/CR if any | Remarks |
|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | |

ਜੇਕਰ ਆਪ ਜੀ ਦੀ ਬਟਾਲੀਅਨ/ਯੂਨਿਟ ਦਾ ਕੋਈ ਵੀ ਰੈਗੂਲਰ ਮੁੱਖ ਸਿਪਾਹੀ, ਜ਼ੋ ਕਿ 01 ਜਨਵਰੀ, 2018 ਤੱਕ 24 ਸਾਲ ਦੀ ਸਰਵਿਸ ਪੂਰੀ ਕਰ ਚੁੱਕਾ ਹੈ ਪਰੰਤੂ ਉਸ ਦਾ ਨਾਮ ਉਕੱਤ ਲਿਸਟ ਵਿੱਚ ਦਰਜ਼ ਨਹੀਂ ਹੈ, ਦਾ ਰਿਕਾਰਡ ਵੀ ਘੋਖ ਕੇ ਸਿਫਾਰਸ਼ ਇਸ ਦਫਤਰ ਨੂੰ ਭੇਜੀ ਜਾਵੇ (') ਕੇਵਲ ਇੰਚਾਰਜ਼, ਈ.ਆਰ.ਐਮ.ਐਸ, ਪੀਂ.ਏ.ਪੀ ਜਲੰਧਰ ਲਈ (') 1467 ਮੁੱਖ ਸਿਪਾਹੀਆਂ ਦੀ ਲਿਸਟ ਨੂੰ ਅੱਜ ਹੀ ਪੰਜਾਬ ਆਰਮਡ ਪੁਲਿਸ ਦੀ ਵੈਬਸਾਈਟ (punjabarmedpolice.co.in) ਪਰ ਅਪਲੋਡ ਕੀਤਾ ਜਾਵੇ (')

ਵਾਸਤੇ ਏ.ਡੀ.ਜੀ.ਪੀ. ਆਰਮਡ ਬਨਜ਼, ਜਲੰਧਰ।